# ਸਾਹਿਤਨਾਮਾ

**ਆਪਣੀ ਮਾਂ ਬੋਲੀ 'ਪੰਜਾਬੀ' ਲਿਖਣ, ਪੜ੍ਹਨ ਅਤੇ ਬੋਲਣ ਵਿੱਚ ਝਿਜਕ ਮਹਿਸੂਸ ਨਾ ਕਰੋ, ਸਗੋਂ ਮਾਣ ਅਤੇ ਫਖਰ ਨਾਲ ਆਪਣੇ ਬੱਚਿਆਂ ਨੂੰ ਵੀ ਸਿਖਾਓ!!**

**" ਪਰਿਵਰਤਨ ਹਰ ਯੁੱਗ ਦੀ ਜ਼ਰੂਰਤ ਹੈ ਤੇ ਅੱਜ ਦੇ ਸਮੇਂ 'ਚ ਕੰਮਪਿਊਟਰ ਲਿਖਾਰੀ ਦੀ ਕਲਮ ਹੈ ।"**



ਨਵਜੋਤ ਬਰਾੜ
ਸੰਪਾਦਕ
(905) 793-0280
sahit@rogers.com

## ਪੂਰਬ ਦੀ ਬੇਟੀ
-ਸੰਤ ਸੰਧੂ

ਪੂਰਬ ਦੀ ਬੇਟੀ ਦੀ ਹੱਤਿਆ
ਜਦ ਮੈਂ ਸੁਣਿਆ ਹੋਈ
ਗੜ੍ਹੀ ਖੁਦਾ ਬਖਸ਼ ਦੀ ਧਰਤੀ
ਦੂਜੀ ਵਾਰੀ ਰੋਈ

ਪਹਿਲਾਂ ਵੀ ਤਾਂ ਦੈਂਤ ਗੋਰੇ ਨੇ
ਲਹੂ ਨਾਲ ਧਰਤੀ ਧੋਤੀ
ਹੁਣ 'ਬਿਲਾਵਲ' ਰਾਗ ਦੇ ਅੱਗੇ
ਕਾਲੀ ਕੰਧ ਖਲੋਤੀ

ਦੈਂਤ ਪੱਛਮ ਦਾ ਕਰ ਜਾਂਦਾ ਹੈ
ਨਿੱਤ ਪੂਰਬ ਦੀ ਹੇਠੀ
ਹੋਈ ਸਪੁਰਦੇ ਖਾਕ ਵੇਖ ਲਓ
ਫਿਰ ਪੂਰਬ ਦੀ ਬੇਟੀ

ਗੜ੍ਹੀ ਖੁਦਾਬਖਸ਼ ਦੇ ਰਾਹੇ
ਤੁਰਿਆ-ਤੁਰਿਆ ਜਾਵਾਂ
ਪੂਰਬ ਦੀ ਬੇਟੀ ਦਾ ਸੋਗੀ
ਗੀਤ ਪਿਆ ਹੁਣ ਗਾਵਾਂ

ਮੋਰ ਮਰੇ ਖਾਬਾਂ ਵਿਚ ਮੇਰੇ
ਬੁਲਬੁਲ ਗੁੰਗੀ ਹੋਈ
ਮਸਜਿਦ ਦੇ ਮੀਨਾਰਾਂ ਨੇੜੇ
ਫੇਰ ਨਿਮਾਜਣ ਰੋਈ

ਸੰਗੀਨਾਂ ਦੀ ਖੇਡ ਖੇਡ ਵਿਚ
ਸੰਗੀਨ ਹੈ ਪੁੱਗ ਖਲੋਈ
ਸੱਤਾ ਦੇ ਰਿਸ਼ੀਆਂ ਦੇ ਹੱਥੋਂ
ਪੱਥਰ ਅਹੱਲਿਆ ਹੋਈ



ਲੱਕ ਪੂਰਬ ਦਾ ਕੁੱਬਾ ਹੋਇਆ
ਧੀ ਪੂਰਬ ਦੀ ਮੋਈ
ਦੈਂਤ ਪੱਛਮ ਦਾ ਜ਼ਰ ਨਾ ਸਕਦਾ
ਪੂਰਬ ਦੀ ਖੁਸ਼ਬੋਈ

ਸਿੰਧ ਦਰਿਆ ਦੀਆਂ ਲਹਿਰਾਂ ਵਿਚੋਂ
ਲੋਕਧਾਰਾ ਲਹਿਰਾਈ
ਸਿਰ ਦੇ ਉੱਤੇ ਓੜ ਦੁਪੱਟਾ
ਵਿਚ ਪੰਜਾਬ ਦੇ ਛਾਈ
ਬੇਨਜ਼ੀਰ ਨੂੰ ਕਤਲ ਹੈ ਕਰਦਾ
ਕਦੇ ਹੁਸੈਨ ਸੂਲੀ ਹੈ ਚੜ੍ਹਦਾ
ਪੂਰਬ ਦੀ ਸਰਘੀ ਦੇ ਅੱਗੇ
ਗੋਰਾ ਦੈਂਤ ਹਨ੍ਹੇਰਾ ਕਰਦਾ

ਫਿਰ ਕੋਈ ਕੈਦੋ ਘਰ ਦਾ ਭੇਤੀ
ਖੇੜਿਆਂ ਤਾਂਈ ਬੁਲਾਏ
ਫਿਰ ਨਵਾਂ ਕੋਈ ਪਾਜੀ ਆਵੇ
ਹੀਰ ਨੂੰ ਜ਼ਹਿਰ ਖੁਆਏ

ਸਾਡੇ ਫੇਰ ਸਿਰਾਂ ਦੇ ਉੱਤੇ
ਚੜ੍ਹ ਕੇ ਰਾਖਸ਼ ਆਇਆ
ਪੂਰਬ ਦੀ ਲਾਲੀ 'ਤੇ ਛਿੱਟਾ
ਮਜ਼ਲੂਮ ਲਹੂ ਦਾ ਪਾਇਆ
ਫਿਰ ਇਸਲਾਮ ਦੀ ਧਰਤੀ ਉੱਤੇ
ਕਾਫਿਰ ਕਿਧਰੋਂ ਆਏ
ਬੁੱਲ੍ਹੇਸ਼ਾਹ ਦੀਆਂ ਪੈੜ੍ਹਾਂ ਮਿੱਧਣ
ਦੈਂਤ ਫਿਰਨ ਚਮਲ੍ਹਾਏ

ਬੱਕਰੀਆਂ ਦੀ ਹੱਤਿਆ ਕਰਕੇ
ਈਦ ਮਨਾਵਣ ਕੈਸੀ
'ਈਦ-ਉਲ-ਜ਼ੂਹਾ' ਦੇ ਜਿਨ੍ਹਾਂ ਨੇ
ਭੇਤ ਅਜੇ ਨਾ ਪਾਏ

ਫੇਰ ਫਸਲ ਨੂੰ ਖਾਵਣ ਲੱਗੀਆਂ
ਏਸ ਫਸਲ ਦੀਆਂ ਵਾੜਾਂ
ਗੜ੍ਹੀ ਖੁਦਾ ਬਖਸ਼ ਨੂੰ ਵੇਖੋ
ਬਖਸ਼ਿਆ ਨਹੀਂ ਬਘਿਆੜਾਂ

ਸਿੰਧ ਦਰਿਆ ਨੂੰ ਘੇਰ ਲਿਆ ਹੈ
ਫਿਰ ਜਿਵੇਂ ਐਡਵਾਇਰਾਂ
ਵਹਿਸ਼ੀ ਬੂਟ ਲਿਤਾੜ ਰਹੇ ਨੇ
ਸਿੰਧ ਦਰਿਆ ਦੀਆਂ ਲਹਿਰਾਂ

ਸਿੰਧ ਦੇ ਵਾਰਿਸ ਜਾਗ ਪੈਣ ਤਾਂ
ਸਾਂਭ ਲੈਣ ਖੁਸ਼ਬੋਈ
ਸਿੰਧ ਦੀਆਂ ਸਭ ਲਹਿਰਾਂ ਅੱਗੇ
ਕਰਦਾ ਹਾਂ ਅਰਜ਼ੋਈ

ਦੈਂਤ ਜਿਹੜੇ ਹੰਕਾਰੀ ਫਿਰਦੇ
ਮੂੰਹ ਨਾ ਕਦੀ ਲਗਾਵਾਂ
ਗੜ੍ਹੀ ਖੁਦਾ ਬਖਸ਼ ਦੀਆਂ ਮਾਵਾਂ
ਨੂੰ ਮੈਂ ਸੀਸ ਝੁਕਾਵਾਂ

ਗੜ੍ਹੀ ਖੁਦਾ ਬਖਸ਼ ਦੇ ਜਣਿਓਂ
ਰਲ ਕੇ ਬਣਤ ਬਣਾਈਏ
ਗੜ੍ਹੀ ਖੁਦਾ ਬਖਸ਼ ਦੇ ਕੋਲ
ਗੜ੍ਹੀ ਚਮਕੌਰ ਲਿਆਈ।।

**ਸਾਹਿਤ ਜੀਵਨ ਦਾ ਸ਼ੀਸ਼ਾ ਹੈ**

## ਜੰਡ
-ਸੰਤ ਸੰਧੂ

ਪੱਤਝੜ ਸੁੰਨੀਆਂ ਜੂਹਾਂ ਚੋਂ ਨਾ ਜਾਵੇ ਨੀ
ਜੰਡ ਦੇ ਉੱਤੇ ਕਦੀ ਬਹਾਰ ਨਾ ਆਵੇ ਨੀ

ਮਿਰਜ਼ਾ ਤੇ ਮਿਰਜ਼ਾ ਹੀ ਮਿਰਜ਼ਾ ਕਰਦੀ ਏ
ਜਦ ਕੋਈ ਬੱਕੀ ਜੰਡ ਕੋਲੋਂ ਲੰਘ ਜਾਵੇ ਨੀ

ਲੰਮੇ ਹਉਕੇ ਤੇ ਹਟਕੋਰੇ ਭਰਦੀ ਏ
ਜਦ ਕੋਈ ਰਾਹੀ ਜੰਡ ਥੱਲੇ ਸੁਸਤਾਵੇ ਨੀ

ਮਿਰਜ਼ੇ ਦੀ ਫਿਰ ਲਾਸ਼ ਲੁਕੋਵਣ ਲੱਗਦੀ ਏ
ਮਨਹੂਸ ਸਮੇਂ ਦਾ ਜੇ ਪ੍ਰਛਾਵਾਂ ਆਵੇ ਨੀ

ਇਬਰਾਹੀਮ ਧਿਆਵੇ ਮਿਰਜ਼ੇ ਪੁੱਤਰਾਂ ਨੂੰ
ਕੁਰਬਾਨੀ ਦੀ ਈਦ ਇਹ ਸਦਾ ਮਨਾਵੇ ਨੀ

ਮੁਸਲਮਾਨ ਜਦ ਪੜ੍ਹਨ ਨਿਮਾਜਾਂ ਆਉਂਦੇ ਨੇ
ਜੰਡ ਮਿਰਜ਼ੇ ਨੂੰ ਅੱਲ੍ਹਾ ਵਾਂਗ ਧਿਆਵੇ ਨੀ

ਤੀਰ ਜਿਨ੍ਹਾਂ ਦੁੱਖ ਮੰਨਦੀ ਤੇ ਕੁਰਲਾਉਂਦੀ ਏ
ਜੇ ਕੋਈ ਪੱਤਾ ਜੰਡ ਤੋਂ ਤੋੜ ਗਵਾਵੇ ਨੀ

ਰੋਂਦੀ ਆਪਣਾ ਸਿਰ ਪਟਕਾਵੇ ਅੰਬਰਾਂ ਵਿਚ
ਵਣ ਵਿਚ ਰੋਂਦੀ ਜੰਡ ਨੂੰ ਕੌਣ ਵਰਾਵ੍ਹੇ ਨੀ

ਇੰਦਰ ਬਰਸੇ ਦੁੱਖ ਜਦ ਆਪਣੇ ਰੋਂਦਾ ਏ
ਜੰਡ ਹੰਝੂਆਂ ਦੀ ਲੰਮੀ ਝੜੀ ਲਗਾਵੇ ਨੀ

ਦੁੱਖ ਮਿਰਜ਼ੇ ਦੇ, ਫੋਲਣ ਹੀ ਲੱਗ ਜਾਂਦੀ ਏ
ਜਦ ਕੋਈ ਦੁਖੀਆ ਜੰਡ ਨੂੰ ਸੀਸ ਝੁਕਾਵੇ ਨੀ

ਜੰਡ ਆਪਣੇ ਤੋਂ ਪੱਤੇ ਲਾਹ ਲਾਹ ਸੁੱਟਦੀ ਏ
ਫਿਰ ਮਿਰਜ਼ੇ ਦੇ ਵੈਣ ਹਵਾ ਵਿਚ ਪਾਵੇ ਨੀ

ਸੱਲ ਬੱਚਿਆਂ ਦੇ ਛੇਕਣ ਸੀਨੇ ਮਾਵਾਂ ਦੇ
ਜੰਡ ਮੋਇਆਂ ਦਾ ਗੀਤ ਪੁਰਾਣਾ ਗਾਵੇ ਨੀ

ਦਾਨਾਬਾਦ ਦੀਆਂ ਗਲੀਆਂ ਦਾ ਪੁੱਛਦੀ ਏ
ਜਦ ਕੋਈ ਚੰਧੜ,ਦਾਨਾਬਾਦ ਤੋਂ ਆਵੇ ਨੀ

ਜੜ੍ਹ ਤਾਂਈ ਕੰਬ ਜਾਂਦੀ ਜੰਡ ਨਿਮਾਣੀ ਏ
ਸੱਪਣੀ ਜਦੋਂ ਸਪੋਲੀਏ ਆਪਣੇ ਖਾਵੇ ਨੀ

ਫਿਰ ਨਾ ਤੀਰ ਲਕੋਵੇ ਕੋਈ ਜੰਡ ਭੈੜੀ
ਫਿਰ ਸੱਖਣੀ ਨਾ ਕੋਈ ਸਾਹਿਬਾਂ ਜਾਵੇ ਨੀ ।।

## ਨਵਾਂ ਸਾਲ
-ਸੰਤ ਸੰਧੂ

ਲਹੂ ਜੰਡ ਕੋਲ ਡੁਲ੍ਹਾ, ਜਿਹੜਾ ਸੁੱਕ ਲੈਣ ਦੇ
ਦਾਨਾਬਾਦ ਵਿਚੋਂ ਸੋਗ, ਅਜੇ ਮੁੱਕ ਲੈਣ ਦੇ
ਨਾਲ ਖਰਲਾਂ ਸਿਆਣ ਸਾਨੂੰ ਘੜ ਲੈਣ ਦੇ
ਨਵਾਂ ਚੰਦ ਨਾ ਚੜ੍ਹਾ ਦਈਂ ਕੋਈ,
ਨਵਾਂ ਸਾਲ ਚੜ੍ਹ ਲੈਣ ਦੇ

ਪੁੱਠੇ ਸਰਕਾਰ ਦੇ ਅਸੂਲ ਹੋਈ ਜਾਂਦੇ ਨੇ
ਖੁੱਲ੍ਹੇ ਹੋਏ ਬੰਦ ਵੀ ਸਕੂਲ ਹੋਈ ਜਾਂਦੇ ਨੇ
ਕੋਈ ਨੁਕਤਾ ਨਿਮਾਜ਼ ਸਾਨੂੰ ਪੜ੍ਹ ਲੈਣ ਦੇ
ਨਵਾਂ ਚੰਦ ਨਾ .........

ਵਿਗੜੇ ਨੇ ਲਾਣੇ ਜਿਹੜੇ ਮਾਰੇ ਬਦਨੀਤ ਦੇ
ਊਜ ਕਹਿੰਦੇ ਲਗਦੀ ਏ, ਸਿਰ ਤੇਰੇ ਗੀਤ ਦੇ
ਸਾਨੂੰ ਗੀਤ 'ਚ ਪ੍ਰੀਤ ਜ਼ਰਾ ਭਰ ਲੈਣ ਦੇ
ਨਵਾਂ ਚੰਦ ਨਾ .........

ਜ਼ਖ਼ਮਾਂ ਦੇ ਉੱਤੇ ਲੂਣ ਫੇਰ ਕੋਈ ਭੁੱਕੇ ਨਾ
ਚੰਦ ਜਿਹੇ ਮੁੱਖੜੇ 'ਤੇ ਫੇਰ ਕੋਈ ਥੁੱਕੇ ਨਾ
ਵਾਰ ਮਿਰਚਾਂ ਤੇ ਅੱਗ ਵਿਚ ਸੜ੍ਹ ਲੈਣ ਦੇ
ਨਵਾਂ ਚੰਦ ਨਾ .........

ਰੌਸ਼ਨੀ ਦੇ ਰਾਹ ਸਾਰੇ ਬੰਦ ਹੋਈ ਜਾਂਦੇ ਨੇ
ਹਨ੍ਹੇਰਿਆਂ ਦੇ ਵਿਚ ਸਾਡੇ ਚੰਦ ਹੋਈ ਜਾਂਦੇ ਨੇ
ਨਾਲ ਕਾਲਿਆਂ ਹਨ੍ਹੇਰਿਆਂ ਦੇ ਲੜ ਲੈਣ ਦੇ
ਨਵਾਂ ਚੰਦ ਨਾ......

ਕੱਚੀਆਂ ਨੇ ਉਮਰਾਂ ਤੇ ਅਲ੍ਹਕ ਵਛੇਰੇ ਨੀ
ਹਵਸ ਦੇ ਖੂਹ ਪੁੱਠੇ ਗਿੜ ਗਏ ਨੇ ਗੇੜੇ ਨੀ
ਕੋਈ ਧਰਤੀ 'ਚ ਜੜ੍ਹ ਅਜੇ ਜੜ ਲੈਣ ਦੇ
ਨਵਾਂ ਚੰਦ ਨਾ .......

ਭੰਗ ਦੇ ਨਸ਼ੇ ਦੇ ਵਿਚ ਘੁੰਮ ਜਾਂਦੇ ਤੌਰ ਨੀ
ਵੱਖੋ ਵੱਖ ਹੋ ਜਾਂਦੇ ਦਿੱਲੀ ਤੋਂ ਲਾਹੌਰ ਨੀ
ਕਦੀ ਦਿੱਲੀ ਨੂੰ ਲਾਹੌਰ ਕੋਲ ਖੜ੍ਹ ਲੈਣ ਦੇ
ਨਵਾਂ ਚੰਦ ਨਾ .........

ਪਹਿਲਾਂ ਟੁੱਟਿਆਂ ਤੀਰਾਂ ਦੇ ਨਾਲ ਪੁੱਗ ਲੈਣ ਦੇ
ਬੂਟੇ ਦਾਨਾਬਾਦ ਵਿਚੋਂ ਨਵੇਂ ਉੱਗ ਲੈਣ ਦੇ
ਪੈਰ ਬੱਕੀ ਦੀ ਰਕਾਬ ਵਿਚ ਅੜ ਲੈਣ ਦੇ
ਨਵਾਂ ਚੰਦ ਨਾ ਚੜ੍ਹਾ ਦਈਂ ਕੋਈ,
ਨਵਾਂ ਸਾਲ ਚੜ੍ਹ ਲੈਣ ਦੇ।।

*******************

## ਤਰਦੀਦ ਦਰ ਤਰਦੀਦ
-ਸ਼ਾਹਿਦਾ ਦਿਲਾਵਰ ਸ਼ਾਹ

ਇੱਕ ਔਰਤ ਨੇ
ਅਜ ਅਖ਼ਬਾਰ 'ਚ
ਕੀਤੀ ਏ ਤਰਦੀਦ
"ਚੋਧਰੀ ਹੋਰਾਂ
ਰੇਪ ਨਾਹੀਂ ਕੀਤਾ
ਕਲ੍ਹ ਦੀ ਖ਼ਬਰ ਏ ਝੂਠ
ਮੇਰੀ ਧੀ ਸੀ ਕੋਠਿਓਂ ਡਿੱਗੀ
ਚੋਧਰੀ ਬੇ ਕਸੂਰ........"
ਰੋ ਰੋ ਕਲ੍ਹ ਬੇ ਵਸੀ ਸੀ ਤੇ
ਅੱਜ ਏ ਚੁਪ ਚਪੀਤੀ
ਕਲ੍ਹ ਸੀ ਪੁਤਰ ਨਾਲ ਖਲੋਤਾ
ਅਜ ਹੋਇਆ ਏ ਅਗ਼ਵਾ
ਇੰਜ ਨਗਲੀ ਅਪਨਾ ਫ਼ੇਰ ਕਲ੍ਹ
ਬਦਲੇਗੀ ਬਿਆਨ
"ਕਿਸੇ ਨਾ ਪੁਤਰ ਬਨ੍ਹ ਕੇ ਡੱਕਿਆ
ਨਾ ਹੋਇਆ ਅਗ਼ਵਾ।
ਨੱਸਿਆ ਮਰਜ਼ੀ ਨਾਲ ਘਰੋਂ ਸੀ
ਮੁੜਿਆ ਮਰਜ਼ੀ ਨਾਲ"।

## ਗ਼ਜ਼ਲ
-ਪ੍ਰੋ. ਸ਼ਮਸ਼ੇਰ ਸੰਧੂ

ਸਹਿਕਦਾ ਇਤਹਾਸ ਲੁਕਿਆ, ਕਾਗਜ਼ਾਂ ਵਿਚ ਕਹਿ ਰਿਹਾ
ਦੇਸ਼ ਦੇ ਹੀ ਵਾਰਸਾਂ ਨੂੰ, ਕੀ ਦੁਗਾੜਾ ਪੈ ਗਿਆ।

ਹਰ ਤਰਫ ਹੈ ਲੁੱਟ ਮੱਚੀ, ਸੰਨ੍ਹ ਲੱਗੀ ਦੇਸ਼ ਨੂੰ
ਰਾਖਿਆਂ ਨੇ ਨੀਂਦ ਦਾ ਹੈ, ਜਾਮ ਕੋਈ ਪੀ ਲਿਆ।

ਖੰਡਰਾਂ ਵਿਚ ਰੁਲ ਰਹੇ ਨੇ, ਭਾਗ ਮੇਰੇ ਦੇਸ਼ ਦੇ
ਸੋਨ ਦੀ ਇਸ ਲੰਕ ਨੂੰ ਹੈ, ਅੱਗ ਕੋਈ ਲਾ ਰਿਹਾ।

ਰਾਮ ਤੇ ਨਾਨਕ ਭੁਲਾਏ, ਜਾਪਦੇ ਨੇ ਹਰ ਕਿਸੇ
ਧਰਮ ਦਾ ਰਸਤਾ ਦਿਖਾਊ, ਹੈ ਮੁਨਾਰਾ ਢਹਿ ਗਿਆ।

ਦੇਸ਼ ਖ਼ਾਤਰ ਸੂਰਮੇਂ ਜੋ, ਕਰ ਗਏ ਕੁਰਬਾਨੀਆਂ
ਜਾ ਰਿਹਾ ਬੇਕਾਰ ਜਾਪੇ, ਕੌਮ ਦਾ ਸਭ ਦੁਖ ਸਿਹਾ।

ਗੁਰਬਤਾਂ ਨੇ ਘੇਰਿਆ ਹੈ, ਸਭ ਸੁਆਲੀ ਬਣ ਗਏ
ਦੌਲਤਾਂ ਦੇ ਢੇਰ ਲੀਡਰ, ਭਰਨ ਦੀ ਨੀਤੀ ਧਿਆ।

ਬੁਲਬੁਲਾਂ ਰੋਵਣ ਬਹਾਰਾਂ, ਬਾਗ਼ ਤੋਂ ਹੋਈਆਂ ਜੁਦਾ
ਪਿਆਰ ਅਪਣੇ ਦੇਸ਼ ਦਾ ਜੋ, ਖੋ ਗਿਆ ਤੂੰ ਫੇਰ ਆ।

ਫੇਰ ਜਾਪੇ ਬਾਬਰਾਂ ਨੇ, ਹਿੰਦ ਮੱਲੀ ਆਣਕੇ
ਕਲਮ ਤੇ ਤਲਵਾਰ ਦੇ ਤੂੰ, ਨਾਨਕਾ ਜੌਹਰ ਵਖਾ।

ਏਕਤਾ ਵਰਦਾਨ ਮੰਗੇ, ਦੇਸ਼ ਮੇਰਾ ਹਿੰਦਯੋ
ਰਾਮ ਨਾਨਕ ਤੇ ਅਲੀ ਇਕ, ਹੋ ਕਰੋ ਈਸਾ ਦੁਆ।

## ਰੁੱਤ ਵਿਹੂਲੀ (ਹੂਕ)
-ਪ੍ਰੋ. ਸ਼ਮਸ਼ੇਰ ਸੰਧੂ

ਡੈਂਡੀ ਲਾਈਨ ਦੇ ਫੁੱਲਾਂ ਵਾਂਗੂੰ
ਕਿਹੜੀ ਰੁੱਤੇ ਆਣ ਖਿੜੇ ਹਾਂ।

ਇਓਂ ਜਾਪੇ ਜਿਓਂ ਫੁੱਲ ਹੋਕੇ ਵੀ
ਫੁੱਲ ਦੇ ਨਾਂ ਹੋ ਲੀਕ ਖਿੜੇ ਹਾਂ।

ਨਾ ਕੋਈ ਜਿਸ ਨੂੰ ਤੱਕਣਾ ਚਾਹੇ
ਨਾ ਕੋਈ ਜਿਸ ਨੂੰ ਚੁੰਮਣਾ ਚਾਹੇ।

ਨਾ ਕੋਈ ਜਿਸ ਦਾ ਹਾਰ ਬਣਾਵੇ
ਨਾ ਕੋਈ ਵਿਚ ਗੁਲਦਾਨ ਸਜਾਵੇ।

ਹਰ ਕੋਈ ਜਿਸ ਨੂੰ ਕੱਟਣਾ ਚਾਹੇ
ਹਰ ਕੋਈ ਜਿਸ ਨੂੰ ਮਿੱਧਣਾ ਚਾਹੇ।

ਨਾਲ ਹਕਾਰਤ ਹਰ ਕੋਈ ਤੱਕੇ
ਹਰ ਕੋਈ ਜ਼ਹਿਰੀ ਪੁੜੀਆਂ ਛਿੜਕੇ।

ਹਰ ਕੋਈ ਜ਼ਹਿਰੀ ਤਣਕਾਅ ਤੌਂਕੇ
ਕਿ ਲਵੇ ਨਾ ਵਿੱਚ ਹਵਾਵਾਂ ਝੋਂਕੇ।

ਹਰ ਕੋਈ ਇਸ ਦਾ ਵਧਣਾ ਰੋਕੇ
ਹਰ ਕੋਈ ਇਸ ਨੂੰ ਰੱਖੇ ਸੋਕੇ।
ਡੈਂਡੀ ਲਾਈਨ ਦੇ ਫੁੱਲਾਂ ਵਾਂਗੂੰ
ਕਿਹੜੀ ਰੁੱਤੇ ਆਣ ਖਿੜੇ ਹਾਂ।

ਡੈਂਡੀ ਲਾਈਨ ਦੇ ਫੁੱਲਾਂ ਵਾਂਗੂੰ
ਰੁੱਤ ਵਿਹੂਲੀ ਆਣ ਖਿੜੀ ਹਾਂ।
ਡੈਂਡੀ ਲਾਈਨ ਦੇ ਫੁੱਲਾਂ ਵਾਂਗੂੰ
ਰੁੱਤ ਵਿਹੂਲੀ ਆਣ ਖਿੜੀ ਹਾਂ।

## ਨਗਾਰਾ
-ਸੰਤ ਸੰਧੂ

**ਜੋਗਿੰਦਰ ਸਿੰਘ ਵੇਦਾਂਤੀ :** ਨਾਲੇ ਬਾਬਾ ਲੱਸੀ ਪੀ ਗਿਆ, ਨਾਲੇ ਦੇ ਗਿਆ ਦਿਵਾਨੀ ਖੋਟੀ
**ਪ੍ਰਕਾਸ਼ ਸਿੰਘ ਬਾਦਲ** : ਸਾਡੇ ਮੁੰਡੇ ਦੇ ਪਸੰਦ ਨਾ ਆਈ, ਕੱਚ ਦੇ ਗਿਲਾਸ ਵਰਗੀ
**ਬੇਨਜ਼ੀਰ ਭੁੱਟੋ** : ਕਾਲੀ ਤਿੱਤਰੀ ਕਮਾਦੋਂ ਨਿਕਲੀ, ਉੱਡਦੀ ਨੂੰ ਬਾਜ਼ ਪੈ ਗਿਆ
**ਪ੍ਰਮਾਣੂ ਸਮਝੌਤਾ** : ਪੌੜ੍ਹੀ ਛੜਿਆਂ ਦੀ, ਮੱਥਾ ਟੇਕ ਕੇ ਚੜ੍ਹਨਾ
**ਗਠਜੋੜ ਸਰਕਾਰ** : ਸੁੱਥਣ ਸਮਾਈ ਸੂਫ ਦੀ, ਵਿਚ ਸੱਪ ਦੇ ਬੱਚੇ ਦਾ ਨਾਲਾ
**ਮਨਮੋਹਨ ਸਿੰਘ :** ਘੜਾ ਵੇਖ ਨਾ ਲਿਆ ਟਣਕਾ ਕੇ, ਵਕਤੋਂ ਮੈਂ ਖੁੰਝ ਗਈ
**ਪ੍ਰਵਾਸੀ** : ਅਸੀਂ ਬਣ ਗਏ ਜਿਊਂਦੀਆਂ ਲਾਸ਼ਾਂ, ਸੱਜਣਾਂ ਤੋਂ ਦੂਰ ਹੋ ਕੇ
**ਕ੍ਰਾਂਤੀ** : ਇਨ੍ਹਾਂ ਝਾਂਜਰਾਂ ਜਗਾਉਣਾ ਜੱਗ ਸਾਰਾ, ਹੌਲੀ ਹੌਲੀ ਆਜਾ ਪਤਲੋ
**ਲਾਲ ਸਿੰਘ ਦਿਲ** : ਤੇਰੀ ਸੱਜਰੀ ਪੈੜ ਦਾ ਰੇਤਾ, ਚੁੱਕ ਚੁੱਕ ਲਾਵਾਂ ਹਿੱਕ ਨੂੰ
**ਵਾਮ ਮੋਰਚਾ** : ਤੇਰਾ ਪੁੱਟ ਨਾ ਕਮਾਦ ਲਿਜਾਣਾ, ਮਿੱਤਰਾਂ ਨੇ ਗੰਨਾ ਭੰਨਣਾ
**ਜਾਰਜ ਬੁਸ਼** : ਕੀ ਲੱਗਦਾ ਸੰਤੀਏ ਤੇਰਾ, ਜਿਹਨੂੰ ਰਾਤੀਂ ਖੰਡ ਪਾਈ ਸੀ
**ਨਿਜੀਕਰਨ** :ਲੋਈ ਵੇਚ ਕੇ ਸੰਤਰੇ ਆਂਦੇ, ਖਾਤਰ ਪੁੰਨਾ ਦਈ ਦੀ
**ਗਾਇਕੀ** : ਕੰਜਰਾਂ ਦੀ ਤੇਰੇ ਉੱਤੇ ਅੱਖ ਨੀ, ਰਹੀਂ ਬੱਚ ਕੇ ਸੋਹਣੀਏ
**ਵਿਸ਼ਵੀਕਰਨ** : ਹੱਥ ਪੂਣੀਆਂ ਢਾਕ 'ਤੇ ਚਰਖਾ, ਦੂਏ ਵਿਹੜੇ ਕੱਤਣ ਚੱਲੀ
**ਨਵਾਜ਼ ਸ਼ਰੀਫ** : ਤੱਕਲੇ ਨੂੰ ਵਲ੍ਹ ਪੈ ਗਿਆ, ਆ ਜਾ ਢੋਲਣਾ ਲੁਹਾਰ ਮੁੰਡਾ ਬਣ ਕੇ
**ਕ੍ਰਿਸਾਣੀ** : ਓਥੇ ਲੈ ਚੱਲ ਚਰਖਾ ਮੇਰਾ, ਜਿਥੇ ਤੇਰੇ ਹਲ਼ ਵਗਦੇ
**ਦਾਜ ਪ੍ਰਥਾ** : ਸੱਸ ਮੇਰੀ ਮਾਰੇ ਬੋਲੀਆਂ, ਬਾਪੂ ਚਰਖੇ ਬਾਝ ਨਹੀਂ ਜਾਣਾ
**ਪੰਜਾਬ :** ਕੀ ਮੈਨੂੰ ਦਿਤਾ ਬਾਬਲਾ, ਇਕ ਚਰਖਾ ਸੰਦੂਕ ਦੀਆਂ ਫੱਟੀਆਂ
**ਕਿਰਤ** : ਚਰਖਾ ਕੱਤ ਕੁੜੀਏ, ਤੂੰ ਸਦਾ ਨਾ ਤ੍ਰਿੰਝਣਾਂ 'ਚ ਰਹਿਣਾ
**ਪੰਜਾਬੀ ਸੱਥ ਲਾਂਬੜਾ** : ਕੀਤੀ ਕਿਥੇ ਦੀ ਪਟੋਲਿਆ ਤਿਆਰੀ, ਕੱਤਣੀ ਨੂੰ ਫੁੱਲ ਲੱਗਦੇ
**ਮੁਸ਼ੱਰਫ ਤੇ ਕਚਹਿਰੀ** : ਚੁੱਕ ਚਰਖਾ ਪਰ੍ਹਾਂ ਕਰ ਪੀੜ੍ਹੀ, ਅਸੀਂ ਏਥੇ ਬੋਕ ਬੰਨ੍ਹਣਾ